## ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ -ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ ਪੰਜਾਬ

## ਸਮੱਗਰਾ ਸਿੱਖਿਆ ਅਭਿਆਨ ਪੰਜਾਬ

5ਵੀਂ ਮੰਜ਼ਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈੱਕਸ, ਫੇਸ-8, ਐੱਸ.ਏ.ਐੱਸ. ਨਗਰ

---

ਵੱਲ

*ਸਿਰਫ ਸਮੱਗਰਾ ਕਰਮਚਾਰੀਆਂ ਲਈ*

**ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ),**

**ਪੰਜਾਬ।**

ਮੀਮੋ ਨੰ. ਸਮੱਗਰਾ/2025/ਐਡਮਨ(491454)/179720

ਮਿਤੀ ਸ.ਅ.ਸ. ਨਗਰ 27.06.2025

**ਵਿਸ਼ਾ: ਸਮੱਗਰਾ ਸਿੱਖਿਆ ਅਭਿਆਨ ਪੰਜਾਬ ਤਹਿਤ ਕੰਮ ਕਰਦੇ ਕਰਮਚਾਰੀਆਂ ਦੀਆਂ ਬਦਲੀਆਂ ਲਈ ਆਨ-ਲਾਈਨ ਅਪਲਾਈ ਕਰਨ ਸਬੰਧੀ।**

1.0 ਉਪਰੋਕਤ ਦੇ ਸਬੰਧ ਵਿੱਚ।

2.0 ਸਮੱਗਰਾ ਸਿੱਖਿਆ ਅਭਿਆਨ ਅਧੀਨ ਕੰਟਰੈਕਟ ਦੇ ਅਧਾਰ ਤੇ ਕੰਮ ਕਰਦੇ ਕਰਮਚਾਰੀਆਂ ਦੀਆਂ ਬਦਲੀਆਂ ਲਈ ਅਰਜ਼ੀਆਂ ਦੀ ਮੰਗ ਈ-ਪੰਜਾਬ ਪੋਰਟਲ ਦੇ ਮਾਧਿਅਮ ਰਾਹੀਂ ਕੀਤੀ ਜਾਂਦੀ ਹੈ। ਇਸ ਲਈ ਸਮੱਗਰਾ ਸਿੱਖਿਆ ਅਭਿਆਨ ਅਧੀਨ ਜਿਲ੍ਹਾ/ਬਲਾਕ/ਸਕੂਲ ਪੱਧਰ ਤੇ ਕੰਮ ਕਰਦੇ ਕਰਮਚਾਰੀਆਂ ਨੂੰ ਇਸ ਸਬੰਧੀ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ।

3.0 ਬਦਲੀ ਕਰਵਾਉਣ ਦੇ ਚਾਹਵਾਨ ਕਰਮਚਾਰੀ E-Punjab Portal ਤੇ ਆਪਣੇ User ID ਰਾਹੀਂ Login ਕਰਕੇ ਬਦਲੀ ਲਈ ਅਪਲਾਈ ਕਰਨਗੇ। ਜੋ ਕਰਮਚਾਰੀ ਪਹਿਲਾਂ ਆਪਣੀ ਪ੍ਰਤੀ-ਬੇਨਤੀ ਈਮੇਲ ਜਾਂ ਦਸਤੀ ਦਫਤਰ ਵਿਖੇ ਦੇ ਚੁੱਕੇ ਹਨ, ਉਨ੍ਹਾਂ ਕਰਮਚਾਰੀਆਂ ਨੂੰ ਵੀ E-Punjab Portal ਤੇ ਅਪਲਾਈ ਤੇ ਕਰਨਾ ਲਾਜ਼ਮੀ ਹੈ, ਆਫ-ਲਾਈਨ ਦਿੱਤੀ ਗਈ ਪ੍ਰਤੀ-ਬੇਨਤੀ ਦੇ ਵਿਚਾਰ ਨਹੀਂ ਕੀਤੀ ਜਾਵੇਗੀ।

4.0 ਬਦਲੀਆਂ ਸਬੰਧੀ E-Punjab Portal ਤੇ ਮਿਤੀ 27.06.2025 ਤੋਂ ਮਿਤੀ 10.07.2025 ਨੂੰ ਸ਼ਾਮ 5:00 ਵਜੇ ਤੱਕ ਅਪਲਾਈ ਕੀਤਾ ਜਾ ਸਕਦਾ ਹੈ, ਜਰੂਰਤ ਅਨੁਸਾਰ ਸਬੰਧਤ ਦਸਤਾਵੇਜ਼ ਨੱਥੀ ਕਰਨੇ ਯਕੀਨੀ ਬਣਾਏ ਜਾਣ। ਇਸ ਉਪਰੰਤ ਬਦਲੀ ਸਬੰਧੀ ਕਿਸੇ ਹੋਰ ਮਾਧਿਅਮ ਰਾਹੀਂ ਪ੍ਰਾਪਤ ਪ੍ਰਤੀ ਬੇਨਤੀ ਤੇ ਵਿਚਾਰ ਨਹੀਂ ਕੀਤੀ ਜਾਵੇਗੀ।

5.0 ਇਨ੍ਹਾਂ ਬਦਲੀਆਂ ਵਿੱਚ ਸਮੱਗਰਾ ਸਿੱਖਿਆ ਅਭਿਆਨ ਅਧੀਨ ਕੰਟਰੈਕਟ ਦੇ ਅਧਾਰ ਤੇ ਕੰਮ ਕਰਦੇ ਨਾਨ-ਟੀਚਿੰਗ ਕਰਮਚਾਰੀਆਂ ਤੋਂ ਇਲਾਵਾ, ਆਈ.ਈ.ਡੀ. ਕੰਪੋਨੈਂਟ ਤਹਿਤ ਕੰਮ ਕਰਦੇ ਸਟਾਫ ਵੱਲੋਂ ਵੀ ਅਪਲਾਈ ਕੀਤਾ ਜਾ ਸਕਦਾ ਹੈ।

6.0 ਆਨ-ਲਾਈਨ ਅਪਲਾਈ ਕਰਦੇ ਸਮੇਂ ਕਿਸੇ ਕਿਸਮ ਦੀ ਟੈਕਨੀਕਲ ਸਮੱਸਿਆ ਲਈ, ਸਬੰਧਤ ਜਿਲ੍ਹੇ ਦੇ ਐੱਮ.ਆਈ.ਐੱਸ. ਕੋਆਰਡੀਨੇਟਰ ਨਾਲ ਸੰਪਰਕ ਕੀਤਾ ਜਾਵੇ। ਬਾਅਦ ਵਿੱਚ ਟੈਕਨੀਕਲ ਗਲਤੀ ਸਬੰਧੀ ਕੋਈ ਕਲੇਮ ਨਹੀਂ ਮੰਨਿਆ ਜਾਵੇਗਾ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਪੰਜਾਬ।**

ਪਿ.ਅੰ.ਨੰ. ਸਮੱਗਰਾ/2025/ਐਡਮਨ(491454)/176720 ਮਿਤੀ: 27.06.2025

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਹਾਇਕ/ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
2. ਡਿਪਟੀ ਐੱਸ.ਪੀ.ਡੀ/ ਐੱਮ.ਆਈ.ਐੱਸ. ਸ਼ਾਖਾ ਨੂੰ ਪੱਤਰ ਦੀ ਕਾਪੀ ਵਿਭਾਗ ਦੀ ਵੈੱਬ-ਸਾਈਟ ਤੇ ਅਪਲੋਡ ਕਰਨ ਅਤੇ ਪੈਰ੍ਹਾ 4.0 ਵਿੱਚ ਦਰਜ ਅਨੁਸਾਰ ਪੋਰਟਲ ਖੋਲਣ ਅਤੇ ਅੰਤਿਮ ਮਿਤੀ ਤੇ ਪੋਰਟਲ ਬੰਦ ਕਰਕੇ ਰਿਪੋਰਟ (ਨੱਥੀ ਦਸਤਾਵੇਜਾਂ ਸਮੇਤ) ਪ੍ਰਬੰਧਕੀ ਸ਼ਾਖਾ ਨੂੰ ਭੇਜਣ ਹਿੱਤ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਪੰਜਾਬ।**